BRAMPTON Flower City
brampton.ca

media release

11 ਜਨਵਰੀ, 2019

# ਸਾਊਥਵੈਸਟ ਕੁਆਡਰੈਂਟ ਪਰੀਖਣ ਬਾਰੇ ਸਿਟੀ ਆਫ ਬ੍ਰੈਂਪਟਨ ਦਾ ਬਿਆਨ

ਸਿਟੀ ਆਫ ਬ੍ਰੈਂਪਟਨ (City of Brampton) ਵੱਲੋਂ ਇਹ ਬਿਆਨ, ਸਿਟੀ ਦੇ ਵਿਰੁੱਧ ਇਨਜ਼ੋਲਾ ਗਰੁੱਪ ਲਿਮਿਟੇਡ (Inzola Group Limited) ਦੇ ਦਾਅਵੇ ਦੇ ਸਬੰਧ ਵਿੱਚ ਅੱਜ ਦਿੱਤੇ ਜਸਟਿਸ ਸਪਰੋਟ (Justice Sproat) ਦੇ ਫ਼ੈਸਲੇ ਦੀ ਪ੍ਰਤੀਕਿਰਿਆ ਵਿੱਚ ਹੈ:

“ਸਿਟੀ ਆਫ ਬ੍ਰੈਂਪਟਨ, ਜਸਟਿਸ ਸਪਰੋਟ ਦੇ ਫ਼ੈਸਲੇ ਤੋਂ ਖੁਸ਼ ਹੈ, ਜੋ ਕਿ ਸਾਊਥਵੈਸਟ ਕੁਆਡਰੈਂਟ (Southwest Quadrant) ਦੀ ਉਸਾਰੀ ਲਈ ਵਸੂਲੀ ਪ੍ਰਕਿਰਿਆ ਵਿੱਚ ਸਿਟੀ ਦੇ ਪੱਖ ਵਿੱਚ ਦਿੱਤਾ ਫ਼ੈਸਲਾ ਹੈ। ਜਸਟਿਸ ਸਪਰੋਟ ਨੇ ਸਿਟੀ ਨੂੰ ਜਵਾਬਦੇਹ ਨਹੀਂ ਪਾਇਆ ਅਤੇ ਸਿਟੀ ਦੇ ਵਿਰੁੱਧ ਕਾਰਵਾਈ ਨੂੰ ਖਾਰਜ ਕਰ ਦਿੱਤਾ ਹੈ।

ਸਿਟੀ ਦੀ ਵਸੂਲੀ ਪ੍ਰਕਿਰਿਆ ਅਤੇ ਆਰ.ਐਫ.ਪੀ. (RFP) ਦੇ ਆਚਰਨ ਦੀ ਪੁਸ਼ਟੀ ਕੀਤੀ ਗਈ ਸੀ ਅਤੇ ਇਸਨੂੰ ਉਚਿਤ ਰੂਪ ਨਾਲ ਅਤੇ ਸਦਭਾਵਨਾ ਨਾਲ ਕੀਤਾ ਮੰਨਿਆ ਗਿਆ ਹੈ। ਸਿਟੀ ਆਪਣੀ ਵਸੂਲੀ ਪ੍ਰਕਿਰਿਆ ਵਿੱਚ ਈਮਾਨਦਾਰੀ ਦੇ ਪ੍ਰਤੀ ਵਚਨਬੱਧ ਹੈ। ਇਹ ਸਿਟੀ ਦੇ ਆਰਥਿਕ ਅਤੇ ਕਾਰਜ ਸਬੰਧੀ ਹਿੱਤ ਨੂੰ ਪੂਰਾ ਕਰਦੀ ਹੈ ਅਤੇ ਬੋਲੀ ਦੇਣ ਵਾਲਿਆਂ ਲਈ ਸਪਸ਼ਟ ਅਤੇ ਪਾਰਦਰਸ਼ੀ ਹੈ। ਸਿਟੀ ਡਾਊਨਟਾਊਨ ਬ੍ਰੈਂਪਟਨ ਲਈ ਹੋਰ ਯੋਜਨਾਵਾਂ ਵਿੱਚ ਅੱਗੇ ਵਧਣ ਲਈ ਉਤਸ਼ਾਹਿਤ ਹੈ।”

-30-

**ਮੀਡੀਆ ਸੰਪਰਕ**
ਐਰਿਨ ਓ’ਹੋਸਕੀ (Erin O’Hoski)
ਡਾਇਰੈਕਟਰ, ਸਟ੍ਰੈਟਜਿਕ ਕਮਿਉਨਿਕੇਸ਼ਨਸ
ਸਿਟੀ ਆਫ ਬ੍ਰੈਂਪਟਨ
mediarelations@brampton.ca | 905.874.3604